# BUHDA DAL PUBLIC SCHOOL PATIALA
## First Term Examination (25 August 2025)
**Class - XII**

**Paper - Punjabi - 104 (Set-A)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਅਡਵਾਂਸ ਪੜ੍ਹਨ-ਕੌਸ਼ਲ**

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8×1=8)

ਭਾਰਤੀ ਸੱਭਿਆਚਾਰ ਬਹੁਤ ਵਿਸ਼ਾਲ ਹੈ। ਭਾਰਤ ਅਨੇਕਤਾ ਵਿੱਚ ਏਕਤਾ ਵਾਲਾ ਦੇਸ਼ ਹੈ। ਹਰ ਪ੍ਰਾਂਤ ਵਿੱਚ ਵੱਖ-ਵੱਖ ਸੱਭਿਆਚਾਰ ਹਨ। ਵੱਖੋ-ਵੱਖ ਬੋਲੀਆਂ ਤੇ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਹਰ ਰਾਜ ਦਾ ਰਹਿਣ-ਸਹਿਣ, ਖਾਣ-ਪੀਣ ਪਹਿਰਾਵਾ ਤੇ ਬੋਲੀ। ਇੱਕ-ਦੂਜੇ ਤੋਂ ਵੱਖਰੀ ਤੇ ਭਿੰਨ ਹੈ। ਇਸ ਅਨੇਕਤਾ ਵਿੱਚ ਉਪ-ਸੱਭਿਆਚਾਰਿਕ ਵਿਲੱਖਣਤਾਵਾਂ ਦੇ ਹੁੰਦਿਆ ਭਾਰਤੀ ਸੱਭਿਆਤਾਰ ਦੀ ਏਕਤਾ ਕਾਇਮ ਹੈ। ਭਾਰਤੀ ਸੱਭਿਆਚਾਰ ਅਸਲ ਵਿੱਚ ਆਰੀਆ ਜਾਤੀ ਦੇ ਇਤਿਹਾਸ ਨਾਲ ਮੁੱਖ ਰੂਪ ਵਿੱਚ ਜੁੜਿਆ ਹੋਇਆ ਹੈ। ਵੈਦਿਕ ਸੱਭਿਆਚਾਰ ਦਾ ਮਹਾਨ ਗ੍ਰੰਥ ਤੇ ਮਹਾਨ ਸ੍ਰੋਤ 'ਰਿਗਵੇਦ' ਪੰਜਾਬ ਦੇ ਦਰਿਆਵਾਂ ਦੇ ਕੰਢਿਆਂ 'ਤੇ ਹੀ ਰਚਿਆ ਗਿਆ। ਪੰਜਾਬੀ ਸੱਭਿਆਚਾਰ ਭਾਰਤੀ ਸੱਭਿਆਚਾਰ ਦਾ ਪਹਿਲਾ ਪੜਾਅ ਹੋਣ ਕਾਰਨ ਇੱਥੋਂ ਦੀ ਭੂਗੋਲਿਕ, ਇਤਿਹਾਸਕ, ਰਾਜਨੀਤਿਕ ਅਤੇ ਆਰਥਕ ਪੱਖ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਪੰਜਾਬ ਭਾਰਤ ਦਾ ਪਰਵੇਸ਼ ਦਵਾਰ ਹੋਣ ਦੇ ਨਾਲ-ਨਾਲ ਹਿੰਦੁਸਤਾਨ ਦੇ ਨਾਮਕਰਨ ਵਿੱਚ ਹੀ ਮੁੱਖ ਯੋਗਦਾਨ ਰੱਖਦਾ ਹੈ। ਭਾਰਤੀ ਸੱਭਿਆਚਾਰ ਦੀਆਂ ਮੁੱਖ ਘਟਨਾਵਾਂ ਪੰਜਾਬ ਦੀ ਧਰਤੀ 'ਤੇ ਹੀ ਵਾਪਰੀਆ ਰਾਮਾਇਣ, ਭਗਵਤ ਗੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵੀ ਪੰਜਾਬ ਦੀ ਧਰਤੀ ਤੇ ਹੋਈ। ਮੱਧ ਕਾਲ ਵਿੱਚ ਪੰਜਾਬ ਇਸਲਾਮ ਧਰਮ ਤੇ ਸੰਸਕ੍ਰਿਤੀ ਦਾ ਬਹੁਤ ਵਿਸ਼ਾਲ ਖੇਤਰ ਬਣਿਆ। ਸਿੱਟੇ ਵਜੋਂ ਪੰਜਾਬ ਦੀ ਅਬਾਦੀ ਦਾ ਬਹੁਤ ਵੱਡਾ ਹਿੱਸਾ ਇਸਲਾਮ ਧਰਮ ਨਾਲ ਜੁੜ ਗਿਆ। ਸੂਫ਼ੀ ਸੰਤਾ ਨੇ ਪੰਜਾਬੀ ਸੱਭਿਆਚਾਰ ਵਿੱਚ ਭਾਰਤੀ ਅਤੇ ਇਸਲਾਮੀ ਰੰਗ ਦਾ ਸੁਮੇਲ ਪੈਦਾ ਕਰਨ ਦੀ ਭਰਪੂਰ ਕੋਸ਼ਸ਼ ਕੀਤੀ। ਸਿੱਖ ਗੁਰੂਆਂ ਨੇ ਆਪਣੀ ਨਵੀਂ ਆਸ਼ਾਵਾਦੀ ਸੋਚ ਨਾਲ ਇੱਕ ਨਵੇਂ ਸੱਭਿਆਚਾਰ ਦਾ ਨਿਰਮਾਣ ਕੀਤ ਜੋ ਆਧੁਨਿਕ ਪੰਜਾਬੀ ਸੱਭਿਆਚਾਰ ਦਾ ਧੁਰਾ ਹੈ।

(i) ਭਾਰਤ ਵਿੱਚ ਹਰ ਪ੍ਰਾਂਤ ਦੇ ਕੀ ਵੱਖ-ਵੱਖ ਹਨ ?

(ੳ) ਸੱਭਿਆਚਾਰ (ਅ) ਵਿਹਾਰ

(ੲ) ਕੰਮ-ਕਾਜ (ਸ) ਨਕਸ਼

(ii) ਭਾਰਤੀ ਸੱਭਿਆਚਾਰ ਕਿਸ ਜਾਤੀ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ ?

(ੳ) ਆਰੀਆ (ਅ) ਹਿਮਾਲਾ

(ੲ) ਪੰਜਾਬੀ (ਸ ਡੋਗਾ

(iii) ਵੈਦਿਕ ਸੱਭਿਆਚਾਰ ਦਾ ਮਹਾਨ ਗ੍ਰੰਥ ਤੇ ਸ੍ਰੋਤ ਕਿਹੜਾ ਹੈ ?

(ੳ) ਬਾਈਬਲ (ਅ) ਰਿਗਵੇਦ

(ੲ) ਗੁਰੂ ਗ੍ਰੰਥ ਸਾਹਿਬ (ਸ) ਰਾਮਾਇਣ

(iv) ਰਿਗਵੇਦ ਕਿੱਥੇ ਰਚਿਆ ਗਿਆ ?

(ੳ) ਪੰਜਾਬ ਦੇ ਪਹਾੜਾਂ 'ਚ (ਅ) ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਤੇ

(ੲ) ਜੰਗਲ 'ਚ (ਸ) ਮੰਦਰਾਂ 'ਚ

(v) ਪੰਜਾਬ ਕਿਸ ਕਾਲ ਵਿੱਚ ਇਸਲਾਮ ਧਰਮ ਤੇ ਸੰਸਕ੍ਰਿਤੀ ਦਾ ਵਿਸ਼ਾਲ ਖੇਤਰ ਬਣਿਆ ?

(ੳ) ਆਦਿਕਾਲ (ਅ) ਆਧੁਨਿਕ ਸਮੇਂ 'ਚ

(ੲ) ਮੱਧ-ਕਾਲ (ਸ) ਪੁਰਾਤਨ ਕਾਲ 'ਚ

(vi) ਪੰਜਾਬ ਦੀ ਅਬਾਦੀ ਦਾ ਵੱਡਾ ਹਿੱਸਾ ਕਿਸ ਧਰਮ ਨਾਲ ਜੁੜ ਗਿਆ ?

(ੳ) ਸਿੱਖ ਧਰਮ (ਅ) ਇਸਾਈ

(ੲ) ਇਸਲਾਮ (ਸ) ਹਿੰਦੂ

(vii) ਭਾਰਤੀ ਸੱਭਿਆਚਾਰ ਕਿਹੋ ਜਿਹਾ ਹੈ ?

(ੳ) ਛੋਟਾ (ਅ) ਸੋਹਣਾ

(ੲ) ਵਿਸ਼ਾਲ (ਸ) ਸੁਹਿਰਦ

(viii) ਭਾਰਤ ਦਾ ਪਰਵੇਸ਼ਦਵਾਰ ਕਿਹੜਾ ਹੈ ?

(ੳ) ਪੰਜਾਬ (ਅ) ਹਰਿਆਣਾ

(ੲ) ਦਿੱਲੀ (ਸ) ਚੰਡੀਗੜ੍ਹ

**ਪ੍ਰ2. ਪ੍ਰਭਾਵਸ਼ਾਲੀ ਲਿਖਣ-ਕੌਸ਼ਲ** **(8)**

ਤੁਹਾਡੇ ਕਸਬੇ ਵਿੱਚ ਦੋ ਪਹੀਆਂ ਵਾਹਨਾਂ ਦੀ ਮੰਗ ਦਿਨੋਂ-ਦਿਨ ਵਧ ਰਹੀ ਹੈ, ਜਿਸ ਦੇ ਚਲਦਿਆਂ ਹੀਰੋ ਮੋਟਰਜ਼ ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ।

**ਜਾਂ**

ਤੁਹਾਡਾ ਕਾਰੋਬਾਰ ਸ਼ੇਅਰ ਬਜ਼ਾਰ ਨਾਲ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਇਲ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ, ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ।

**ਪ੍ਰ3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰ੍ਹਾ-ਰਚਨਾ ਕਰੋ** **(7)**

ਅਰਦਾਸ ਦਾ ਮੰਤਵ **ਜਾਂ** ਵਿਹਲਾ ਮਨ ਸ਼ੈਤਾਨ ਦਾ ਘਰ

**ਵਿਹਾਰਕ ਵਿਆਕਰਨ**

**ਪ੍ਰ4. ਵਾਕ-ਵਟਾਂਦਰਾ** **(1×3=3)**

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ:

1) ਉਹ ਅਮੀਰ ਹੋਣ ਦੇ ਬਾਵਜੂਦ ਵੀ ਕੰਜੂਸ ਹੈ। (ਸੰਯੁਕਤ-ਵਾਕ)

2) ਸਕੂਟਰ ਰਾਹੁਲ ਵੱਲੋਂ ਚਲਾਇਆ ਗਿਆ। (ਕਰਤਰੀ ਵਾਕ)

3) ਮੇਰੀ ਇੱਛਾ ਹੈ ਕਿ ਮੇਰੇ ਕੋਲ ਬਹੁਤ ਵੱਡਾ ਘਰ ਹੋਵੇ। (ਵਿਸਮੈ-ਵਾਚਕ)

4) ਤੁਸੀਂ ਕਿੱਥੇ ਰਹਿੰਦੇ ਹੋ? (ਸਧਾਰਨ-ਵਾਕ)

ਪ੍ਰ5. ਅਖਾਣ/ਅਖਾਉਤਾਂ (2×5=10)

ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ

ੳ) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

ਅ) ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ

ੲ) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਣ

ਸ) ਕੋਹ ਨਾ ਚਲੀ ਬਾਬਾ ਤਿਹਾਈ

ਹ) ਆਪਣੇ ਹੱਥੀ ਆਪਣਾ ਆਪੇ ਹੀ ਕਾਜ ਸਵਾਰੀਐ

ਕ) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ ਤੇ ਮੋਹਰਾਂ

**(ਪਾਠ-ਪੁਸਤਕ ਅਧਾਰਿਤ ਪ੍ਰਸ਼ਨ)**

**ਪ੍ਰ6. ਹੇਠ ਦਿੱਤੀਆਂ ਗਈਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (3+5=8)**

ਬਿਰਛਾਂ ਬੂਟਿਆਂ ਦੇ ਪਰਛਾਵੇਂ
ਨਸ਼ਿਆਂ ਨਾਲ ਗੜੂੰਦੇ
ਘਾਹ ਦੇ ਸੁਹਲ ਸੀਨਿਆਂ ਉੱਤੇ
ਸਵਾਦ ਸਵਾਦ ਹੋ ਊਂਘੇ
ਲੱਗ ਟਾਹਣਾਂ ਗੱਲ ਵੇਲਾਂ ਸੁੱਤੀਆਂ
ਲੱਗ ਵੇਲਾ ਗੱਲ ਕਲੀਆਂ
ਲੱਗ ਕਲੀਆਂ ਗੱਲ ਗੰਧਾਂ ਸੁੱਤੀਆਂ
ਨੀਂਦ ਵਲੇਵੇਂ ਵਲੀਆਂ

**ਜਾਂ**

ਸੁਹਣੀ ਨੇ ਅਸਮਾਨ ਖੜੋ ਕੇ
ਧਰਤੀ ਵੱਲ ਤਕਾ ਕੇ
ਇਹ ਮੁੱਠੀ ਖੋਲੀ ਤੇ ਸੁੱਟਿਆ, ਸਭ ਕੁਝ ਹੇਠ ਤਕਾ ਕੇ
ਜਿਸ ਥਾਵੇਂ ਧਰਤੀ ਤੇ ਆ ਕੇ, ਇਹ ਮੁੱਠ ਡਿੱਗੀ ਸਾਰੀ
ਉਹ ਥਾਂਓ ਕਸ਼ਮੀਰ ਬਣ ਗਿਆ, ਟੁਕੜੀ ਜਗ ਤੋਂ ਨਿਆਰੀ।

**ਪ੍ਰ7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ: (1×4=4)**

ੳ) ਤਾਜਮਹੱਲ ਕਿਸ ਮੁਗ਼ਲ ਬਾਦਸ਼ਾਹ ਨੇ ਬਣਵਾਇਆ ਸੀ?

1) ਸ਼ਾਹਜਹਾਨ 2) ਔਰੰਗਜ਼ੇਬ 3) ਜਹਾਂਗੀਰ 4) ਅਕਬਰ

ਅ) 'ਚੁੰਮ-ਚੁੰਮ ਰੱਖੋ' ਕਵਿਤਾ ਕਿਹੜੇ ਕਵੀ ਦੀ ਰਚਨਾ ਹੈ?

1) ਭਾਈ ਵੀਰ ਸਿੰਘ 2) ਸ਼ਿਵ ਕੁਮਾਰ ਬਟਾਲਵੀ 3) ਅੰਮ੍ਰਿਤਾ ਪ੍ਰੀਤਮ 4) ਨੰਦ ਲਾਲ ਨੂਰਪੁਰੀ

ੲ) 'ਟੁੱਕੜੀ ਜੱਗ ਤੋਂ ਨਿਆਰੀ' ਕਵਿਤਾ ਅਨੁਸਾਰ ਕੁਦਰਤ ਦੇਵੀ ਦੀ ਮੁੱਠੀ ਵਿੱਚ ਕੀ ਆਇਆ?

1) ਅਰਸ਼ੀ ਮਿੱਟੀ 2) ਅਰਸ਼ੀ ਨਜ਼ਾਰੇ 3) ਸੋਨਾ-ਚਾਂਦੀ 4) ਚੰਨ ਤੇ ਸੂਰਜ

ਸ) ਜਮਨਾ ਨਦੀ ਨੇ ਕਿਸ ਨੂੰ ਆਪਣੀ ਬੁੱਕਲ ਵਿੱਚ ਲਕੋਇਆ ਹੋਇਆ ਸੀ?

1) ਝਰਨੇ 2) ਸਮੁੰਦਰ 3) ਨਾਲੇ ਸ) ਤਾਜ ਮਹੱਲ

**ਕਹਾਣੀਆਂ ਵਿੱਚੋਂ** **(6)**

**ਪ੍ਰ8.** 'ਨੀਲੀ' ਕਹਾਣੀ ਦੇ ਅਧਾਰ 'ਤੇ ਨੀਲੀ ਦਾ ਪਾਤਰ-ਚਿਤਰਣ 125 ਤੋਂ 150 ਸ਼ਬਦਾਂ ਵਿੱਚ ਲਿਖੋ।

**ਜਾਂ**

'ਸਾਂਝ' ਕਹਾਣੀ ਦਾ ਸਾਰ 125 ਤੋਂ 150 ਸ਼ਬਦਾਂ ਵਿੱਚ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** **(1×5=5)**

ੳ) 'ਨੀਲੀ' ਕਹਾਣੀ ਦੇ ਲੇਖਕ ਦੇ ਘਰ ਕਿਹੜਾ ਬੂਟਾ ਲੱਗਾ ਹੋਇਆ ਸੀ?

1) ਮਹਿੰਦੀ ਦਾ 2) ਨਿੰਮ ਦਾ 3) ਸ਼ਹਿਤੂਤ ਦਾ 4) ਟਾਹਲੀ ਦਾ

ਅ) ਗੁਆਲੇ ਨੂੰ ਕਿਸ ਗੱਲ ਦਾ ਗੁੱਸਾ ਸੀ?

1) ਨੀਲੀ ਦੇ ਚਾਰਾ ਨਾ ਖਾਣ ਦਾ 2) ਨੀਲੀ ਦੇ ਦੁੱਧ ਨਾ ਦੇਣ ਦਾ

3) ਨੀਲੀ ਦੇ ਉਦਾਸ ਹੋ ਜਾਣ ਦਾ 4) ਕੋਈ ਵੀ ਨਹੀਂ

ੲ) ਪ੍ਰੋਫੈਸਰ ਦੇ ਬੇਟੇ ਦਾ ਕੀ ਨਾਂ ਸੀ?

1) ਦਾਨਿਸ਼ 2) ਸ਼ਮਸ਼ੇਰ 3) ਦਿਨੇਸ਼ 4) ਰਣਵੀਰ

ਸ) ਸਾਈਕਲ ਵਾਲੇ ਨੇ ਕਿਹੜੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ?

1) ਲਾਲ 2) ਹਰੀ 3) ਨੀਲੀ 4) ਕਾਲੀ

ਹ) ਪ੍ਰੋਫੈਸਰ ਕਿੰਨੇ ਸਾਲਾਂ ਤੋਂ ਸਾਈਕਲ ਚਲਾ ਰਿਹਾ ਸੀ?

1) ਦੱਸ ਸਾਲ ਤੋਂ 2) ਪੰਜ ਸਾਲ ਤੋਂ 3) ਪੰਦਰਾਂ ਸਾਲ ਤੋਂ 4) ਤੀਹ ਸਾਲ ਤੋਂ

**ਪ੍ਰ10. ਹੇਠ ਦਿੱਤੇ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ:** **(4×2=8)**

ੳ) ਪ੍ਰੋਫੈਸਰ ਲਾਲ ਚੀਰੇ ਵਾਲੇ ਸਾਇਕਲ ਸਵਾਰ ਬਾਰੇ ਕੀ-ਕੀ ਸੋਚਦਾ ਹੈ?

ਅ) 'ਸਾਂਝ' ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਆਇਆ ਹੈ?

ੲ) ਵੱਛੀ ਮਰਨ ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ?

ਸ) ਲੇਖਕ ਦੀ ਤ੍ਰੀਮਤ ਨੇ ਗਵਾਲੇ ਨਾਲ ਕਿਹੜੀਆਂ-ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ?

ਹ) 'ਨੀਲੀ' ਕਹਾਣੀ ਵਿਚਲਾ ਗਵਾਲਾ ਕਿਹੋ ਜਹੇ ਸੁਭਾਅ ਦਾ ਮਾਲਕ ਸੀ?

ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ

**ਪ੍ਰ11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ:** (1×5=5)

ੳ) ਮੁਕਤਸਰ ਦਾ ਪਹਿਲਾ ਨਾਂ ਕੀ ਸੀ?

1) ਰਾਮਸਰ ਅ) ਬਹਾਦਰਗੜ੍ਹ ੲ) ਬੀਜਾਪੁਰ ਸ) ਖਿਦਰਾਣਾ

ਅ) ਰੌਸ਼ਨੀ ਦਾ ਮੇਲਾ ਕਿਸ ਸ਼ਹਿਰ 'ਚ ਲੱਗਦਾ ਹੈ?

1) ਜਗਰਾਵਾਂ ਅ) ਲੁਧਿਆਣਾ ੲ) ਮਲੇਰਕੋਟਲਾ ਸ) ਫਿਲੌਰ

ਅ) ਹੋਲੇ ਮਹੱਲੇ ਦਾ ਮੇਲਾ ਕਿੱਥੇ ਲਗਦਾ ਹੈ?

1) ਅੰਮ੍ਰਿਤਸਰ ਵਿੱਚ 2) ਮੁਕਤਸਰ ਵਿੱਚ 3) ਪਠਾਨਕੋਟ ਵਿੱਚ 4) ਅਨੰਦਪੁਰ ਸਾਹਿਬ ਵਿੱਚ

ੲ) ਪਾਣੀ ਵਾਰਨ ਦੀ ਰਸਮ ਕੌਣ ਕਰਦਾ ਹੈ?

1) ਮੁੰਡੇ ਦੀ ਭੈਣ 2) ਮੁੰਡੇ ਦੀ ਸੱਸ 3) ਮੁੰਡੇ ਦੀ ਮਾਂ 4) ਸਾਰੇ ਠੀਕ

ਸ) ਮਨੂ ਨੇ ਮਨੁੱਖੀ ਜੀਵਨ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਸੀ?

1) ਚਾਰ 2) ਤਿੰਨ 3) ਪੰਜ 4) ਛੇ

**ਪ੍ਰ12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ।** (4×2=8)

ੳ) ਪੰਜਾਬ ਦੇ ਮੇਲਿਆਂ ਦਾ ਵੇਰਵਾ ਦਿੰਦੇ ਹੋਏ ਕਿਸੇ ਇੱਕ ਮੇਲੇ ਬਾਰੇ ਵਿਸਥਾਰ ਨਾਲ ਲਿਖੋ।

ਅ) ਪੰਜਾਬ ਦੀਆਂ ਰਸਮਾਂ ਕਿਹੜੇ-ਕਿਹੜੇ ਮੌਕਿਆਂ ਨਾਲ ਸੰਬੰਧਿਤ ਹਨ? ਵਿਆਹ ਦੇ ਸਮੇਂ ਦੀਆਂ ਰਸਮਾਂ ਬਾਰੇ ਜਾਣਕਾਰੀ ਦਿਓ।

ੲ) ਪੁਰਾਤਨ ਸਮੇਂ ਮੁੰਡੇ-ਕੁੜੀ ਦੇ ਜਨਮ 'ਤੇ ਰਸਮਾਂ-ਰਿਵਾਜਾਂ ਵਿੱਚ ਕਾਫੀ ਵਖਰੇਵਾਂ ਸੀ ਪਰ ਅੱਜ-ਕੱਲ੍ਹ ਇਹ ਵਿਤਕਰਾ ਘੱਟ ਰਿਹਾ ਹੈ। ਕਿਵੇਂ?